ਪੰਜਾਬ ਟਾਈਮਜ਼
Leading Punjabi daily newspaper

# ਖਾਲਸਾ ਕਾਲਜ ਦੇ ਖੇਤੀਬਾੜੀ ਵਿਭਾਗ ਵੱਲੋਂ ਕੀਤੀ ਗਈ 'ਬਟਨ ਮਸ਼ਰੂਮਾਂ' ਦੀ ਪਹਿਲੀ ਫਸਲ ਤਿਆਰ



ਪੰਜਾਬ ਟਾਈਮਜ਼ ਖ਼ਬਰ

ਸ਼੍ਰੀ ਅਨੰਦਪੁਰ ਸਾਹਿਬ, 9 ਦਸੰਬਰ (ਦਵਿੰਦਰਪਾਲ ਸਿੰਘ, ਅੰਕੁਸ਼)- ਸਥਾਨਕ, ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ, ਸ੍ਰੀ ਅਨੰਦਪੁਰ ਸਾਹਿਬ ਦੇ ਖੇਤੀਬਾੜੀ ਵਿਭਾਗ ਵੱਲੋਂ ਡੀ.ਬੀ.ਟੀ ਸਟਾਰ ਕਾਲਜ ਅਧੀਨ ਕੁਝ ਸਮਾਂ ਪਹਿਲਾਂ ਬਟਨ ਮਸ਼ਰੂਮਾਂ ਦੀ ਕਾਸ਼ਤ ਸ਼ੁਰੂ ਕੀਤੀ ਗਈ ਸੀ।ਬਟਨ ਮਸ਼ਰੂਮਾਂ ਦੀ ਫਸਲ ਸਫਲਤਾਪੂਰਵਕ ਤਿਆਰ ਹੋਣ ਉਪਰੰਤ ਫਸਲ ਦੀ ਪਹਿਲੀ ਵਾਢੀ ਕੀਤੀ ਗਈ।ਫਸਲ ਦੀ ਵਾਢੀ ਦਾ ਕਾਰਜ ਖੇਤੀਬਾੜੀ ਵਿਭਾਗ ਮੁਖੀ ਡਾ.ਭਾਵਨਾ ਠਾਕੁਰ ਦੀ ਅਗਵਾਈ ਹੇਠ ਡਾ.ਸਰਤਾਜ ਸਿੰਘ ਦੇ ਸਹਿਯੋਗ ਨਾਲ਼ ਬੀ.ਐਸ.ਸੀ ਐਗਰੀਕਲਚਰ ਦੇ ਵਿਦਿਆਰਥੀਆਂ ਦੁਆਰਾ ਕੀਤਾ ਗਿਆ। ਇਸ ਮੌਕੇ ਕਾਲਜ ਪ੍ਰਿੰਸੀਪਲ ਡਾ.ਜਸਵੀਰ ਸਿੰਘ ਨੇ ਕਿਹਾ ਕਿ ਖੇਤੀਬਾੜੀ ਵਿਭਾਗ ਵੱਲੋਂ ਸਮੇਂ-ਸਮੇਂ 'ਤੇ ਵਿਭਿੰਨ ਪ੍ਰਕਾਰ ਦੀਆਂ ਫਸਲਾਂ ਤਿਆਰ ਕਰਵਾਈਆਂ ਜਾਂਦੀਆਂ ਹਨ ਅਤੇ ਵਿਦਿਆਰਥੀਆਂ ਨੂੰ ਖੇਤੀਬਾੜੀ ਨਾਲ਼ ਜੁੜੇ ਨਵੇਂ-ਨਵੇਂ ਢੰਗਾਂ ਤੋਂ ਜਾਣੂ ਕਰਵਾਉਣ ਦੇ ਉਪਰਾਲੇ ਕੀਤੇ ਜਾਂਦੇ ਹਨ ਤਾਂ ਜੋ ਭਵਿੱਖ ਵਿੱਚ ਉਹ ਖੁਦ ਨੂੰ ਆਰਥਿਕ ਤੌਰ ਤੇ ਸਥਿਰ ਕਰ ਸਕਣ।ਬਟਨ ਖੁੰਭਾਂ ਦੀ ਵਾਢੀ ਤੋਂ ਬਾਅਦ ਕਾਲਜ ਵਿਖੇ ਉਹਨਾਂ ਦੀ ਪ੍ਰਦਰਸ਼ਨੀ ਵੀ ਕੀਤੀ ਗਈ ਜਿਸ ਦੌਰਾਨ ਪ੍ਰਿੰਸੀਪਲ ਸਾਹਿਬ ਤੋਂ ਇਲਾਵਾ ਪ੍ਰੋ.ਪ੍ਰਭਜੀਤ ਸਿੰਘ, ਡਾ.ਸੁਰੇਂਦਰ ਕੁਮਾਰ ਸ਼ਰਮਾ, ਪ੍ਰੋ.ਕਮਲ ਕੁਮਾਰ, ਪ੍ਰੋ.ਮਨਦੀਪ ਕੌਰ, ਪ੍ਰੋ.ਕਮਲੇਸ਼ ਕੁਮਾਰੀ, ਪ੍ਰੋ.ਕਿਰਨਦੀਪ ਕੌਰ, ਪ੍ਰੋ.ਅਦਿੱਤੀ, ਪ੍ਰੋ.ਮਧੂ, ਪ੍ਰੋ.ਸਨਮਪ੍ਰੀਤ ਅਤੇ ਪ੍ਰੋ.ਸਾਕਸ਼ੀ ਵੀ ਮੌਜੂਦ ਸਨ।

# ਖਾਲਸਾ ਕਾਲਜ ਦੇ ਖੇਤੀਬਾੜੀ ਵਿਭਾਗ ਵੱਲੋਂ ਕੀਤੀ ਗਈ 'ਬਟਨ ਮਸ਼ਰੂਮਾਂ' ਦੀ ਪਹਿਲੀ ਫਸਲ ਤਿਆਰ



ਸ਼੍ਰੀ ਅਨੰਦਪੁਰ ਸਾਹਿਬ 09 ਦਸੰਬਰ (ਜੋਗਿੰਦਰ ਰਾਣਾ ) ਸਥਾਨਕ, ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ, ਸ੍ਰੀ ਅਨੰਦਪੁਰ ਸਾਹਿਬ ਦੇ ਖੇਤੀਬਾੜੀ ਵਿਭਾਗ ਵੱਲੋਂ ਡੀ.ਬੀ.ਟੀ ਸਟਾਰ ਕਾਲਜ ਅਧੀਨ ਕੁਝ ਸਮਾਂ ਪਹਿਲਾਂ ਬਟਨ ਮਸ਼ਰੂਮਾਂ ਦੀ ਕਾਸ਼ਤ ਸ਼ੁਰੂ ਕੀਤੀ ਗਈ ਸੀ।ਬਟਨ ਮਸ਼ਰੂਮਾਂ ਦੀ ਫਸਲ ਸਫਲਤਾਪੂਰਵਕ ਤਿਆਰ ਹੋਣ ਉਪਰੰਤ ਫਸਲ ਦੀ ਪਹਿਲੀ ਵਾਢੀ ਕੀਤੀ ਗਈ।ਫਸਲ ਦੀ ਵਾਢੀ ਦਾ ਕਾਰਜ ਖੇਤੀਬਾੜੀ ਵਿਭਾਗ ਮੁਖੀ ਡਾ.ਭਾਵਨਾ ਠਾਕੁਰ ਦੀ ਅਗਵਾਈ ਹੇਠ ਡਾ.ਸਰਤਾਜ ਸਿੰਘ ਦੇ ਸਹਿਯੋਗ ਨਾਲ਼ ਬੀ.ਐਸ.ਸੀ ਐਗਰੀਕਲਚਰ ਦੇ ਵਿਦਿਆਰਥੀਆਂ ਦੁਆਰਾ ਕੀਤਾ ਗਿਆ। ਇਸ ਮੌਕੇ ਕਾਲਜ ਪ੍ਰਿੰਸੀਪਲ ਡਾ.ਜਸਵੀਰ ਸਿੰਘ ਨੇ ਕਿਹਾ ਕਿ ਖੇਤੀਬਾੜੀ ਵਿਭਾਗ ਵੱਲੋਂ ਸਮੇਂ-ਸਮੇਂ 'ਤੇ ਵਿਭਿੰਨ ਪ੍ਰਕਾਰ ਦੀਆਂ ਫਸਲਾਂ ਤਿਆਰ ਕਰਵਾਈਆਂ ਜਾਂਦੀਆਂ ਹਨ ਅਤੇ ਵਿਦਿਆਰਥੀਆਂ ਨੂੰ ਖੇਤੀਬਾੜੀ ਨਾਲ਼ ਜੁੜੇ ਨਵੇਂ-ਨਵੇਂ ਢੰਗਾਂ ਤੋਂ ਜਾਣੂ ਕਰਵਾਉਣ ਦੇ ਉਪਰਾਲੇ ਕੀਤੇ ਜਾਂਦੇ ਹਨ ਤਾਂ ਜੋ ਭਵਿੱਖ ਵਿੱਚ ਉਹ ਖੁਦ ਨੂੰ ਆਰਥਿਕ ਤੌਰ ਤੇ ਸਥਿਰ ਕਰ ਸਕਣ।ਬਟਨ ਖੁੰਭਾਂ ਦੀ ਵਾਢੀ ਤੋਂ ਬਾਅਦ ਕਾਲਜ ਵਿਖੇ ਉਹਨਾਂ ਦੀ ਪ੍ਰਦਰਸ਼ਨੀ ਵੀ ਕੀਤੀ ਗਈ ਜਿਸ ਦੌਰਾਨ ਪ੍ਰਿੰਸੀਪਲ ਸਾਹਿਬ ਤੋਂ ਇਲਾਵਾ ਪ੍ਰੋ.ਪ੍ਰਭਜੀਤ ਸਿੰਘ, ਡਾ.ਸੁਰੇਂਦਰ ਕੁਮਾਰ ਸ਼ਰਮਾ, ਪ੍ਰੋ.ਕਮਲ ਕੁਮਾਰ, ਪ੍ਰੋ.ਮਨਦੀਪ ਕੌਰ, ਪ੍ਰੋ.ਕਮਲੇਸ਼ ਕੁਮਾਰੀ, ਪ੍ਰੋ.ਕਿਰਨਦੀਪ ਕੌਰ, ਪ੍ਰੋ.ਅਦਿੱਤੀ, ਪ੍ਰੋ.ਮਧੂ, ਪ੍ਰੋ.ਸਨਮਪ੍ਰੀਤ ਅਤੇ ਪ੍ਰੋ.ਸਾਕਸ਼ੀ ਵੀ ਮੌਜੂਦ ਸਨ।

**ਦੇਸ਼ ਪ੍ਰਦੇਸ਼ ਟਾਈਮਜ਼**
www.deshpardeshtimes.com